# ਪੰਜਾਬ ਵਿਧਾਨ ਸਭਾ

ਛੇਵਾਂ (ਬਜਟ) ਸਮਾਗਮ

ਨਿਸ਼ਾਨ ਵਾਲੇ ਪ੍ਰਸ਼ਨ

## 04 ਮਾਰਚ, 2024

----

ਕੁੱਲ ਪ੍ਰਸ਼ਨ 20

----

### ਸਰਕਾਰੀ ਹਾਈ ਸਕੂਲ ਕਾਲਾ ਬਾਲਾ, ਜਿਲ੍ਹਾ ਗੁਰਦਾਸਪੁਰ ਨੂੰ ਫੰਕਸ਼ਨਲ ਕਰਨਾ

***928 ਸ. ਪ੍ਰਤਾਪ ਸਿੰਘ ਬਾਜਵਾ (ਕਾਦੀਆਂ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਾਰਡਰ ਏਰੀਏ ਦੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਵਧੇਰੇ ਮੌਕੇ ਮੁਹੱਈਆ ਕਰਵਾਉਣ ਲਈ ਸਾਲ 2021 ਵਿੱਚ ਕਿੰਨੇ ਸਕੂਲ 10+2 ਅੱਪ-ਗ੍ਰੇਡ ਹੋਏ, ਸਰਕਾਰੀ ਹਾਈ ਸਕੂਲ ਕਾਲਾ ਬਾਲਾ, ਜਿਲ੍ਹਾ ਗੁਰਦਾਸਪੁਰ ਨੂੰ ਫੰਕਸ਼ਨਲ ਕਰਨ ਸਬੰਧੀ ਸਰਕਾਰ ਦੀ ਕੋਈ ਤਜਵੀਜ਼ ਵਿਚਾਰ-ਅਧੀਨ ਹੈ; ਜੇਕਰ ਹੈ ਕਦੋਂ ਤੱਕ;

----

### ਪਿੰਡ ਕਿਲ੍ਹਾ ਹਾਂਸ-ਭੀਖੀ ਸੜਕ ਦੀ ਮੁਰੱਮਤ

***934** **ਸ. ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਿਲ੍ਹਾ ਹਾਂਸ-ਭੀਖੀ ਸੜਕ ਤੇ ਲੁੱਕ ਨਹੀਂ ਪਾਈ ਗਈ; ਜੇਕਰ ਅਜਿਹਾ ਹੈ ਤਾਂ ਸੜਕ ਬਣਾਉਣ ਦੀ ਮਿਆਦ ਕਿਹੜੀ ਤਾਰੀਖ ਤੱਕ ਸੀ ਅਤੇ ਸੜਕ ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ?

----

## ਫਰੀਦਕੋਟ ਦੇ ਆਲੇ-ਦੁਆਲੇ ਬਾਈਪਾਸ ਦੀ ਉਸਾਰੀ ਕਰਨਾ

***939** **ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਰੀਦਕੋਟ-ਤਲਵੰਡੀ ਰੋਡ ਤੋਂ ਨਹਿਰ ਦੇ ਨਾਲ-ਨਾਲ ਅਤੇ ਸੇਮਨਾਲੇ ਦੇ ਕੰਢੇ ਤੇ ਬਾਈਪਾਸ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

## ਸੂਬੇ ਵਿਚ ਨਹਿਰਾਂ, ਸੂਇਆਂ ਅਤੇ ਡਰੇਨਾਂ ਉੱਤੇ ਬਣੇ ਪੁੱਲਾਂ ਨੂੰ ਮੋਲਡ ਕਰਕੇ ਦੁਬਾਰਾ ਬਣਾਉਣਾ

***950** **ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿਚ ਨਹਿਰਾਂ, ਸੂਏ ਅਤੇ ਡਰੇਨਾਂ ਉੱਤੇ ਬਣੇ ਪੁੱਲ ਸੜਕਾਂ ਦੇ ਮੁਤਾਬਿਕ ਸਿੱਧੇ ਨਹੀਂ ਬਣਾਏ ਗਏ, ਜਿਸ ਕਾਰਨ ਦੁਰਘਟਨਾਵਾ ਦਾ ਖਤਰਾ ਬਣਿਆ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਪੁੱਲਾਂ ਜਾਂ ਪੁਲੀਆਂ ਨੂੰ ਮੋਲਡ ਕਰਕੇ ਦੁਬਾਰਾ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸ਼ਹਿਰਾਂ ਦੀ ਤਰਜ਼ ਤੇ ਪਿੰਡਾਂ ਵਿੱਚ ਸਾਲਿਡ ਵੇਸਟ ਦੀ ਮੈਨੇਜਮੈਂਟ ਲਾਗੂ ਕਰਨਾ

***958** **ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇਸ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਸ਼ਹਿਰਾਂ ਦੀ ਤਰਜ਼ ਤੇ ਸਾਲਿਡ ਵੇਸਟ ਦੀ ਮੈਨੇਜਮੈਂਟ ਨਹੀਂ ਹੋ ਰਹੀ; ਜੇਕਰ ਅਜਿਹਾ ਹੋਵੇ ਤਾਂ ਕੀ ਸ਼ਹਿਰਾਂ ਦੀ ਤਰਜ਼ ਤੇ ਪਿੰਡਾਂ ਵਿੱਚ ਸਾਲਿਡ ਵੇਸਟ ਦੀ ਮੈਨੇਜਮੈਂਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

## ਸੀ.ਐੱਚ.ਸੀ. ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਣਾ

***924 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸੀ.ਐੱਚ.ਸੀ (Community Health Centre), ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ;

**ਅ)** ਉਪਰੋਕਤ ਭਾਗ (ੳ) ਵਿੱਚ ਵਰਣਿਤ ਸੀ.ਐੱਚ.ਸੀ ਵਿੱਚ ਇਸ ਵੇਲੇ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ਼ ਦੀਆਂ ਕੁੱਲ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਨ੍ਹਾਂ ਅਸਾਮੀਆਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ ਅਤੇ ਖਾਲੀ ਅਸਾਮੀਆਂ, ਜੇਕਰ ਹੋਣ ਤਾਂ, ਉਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

----

## ਅੰਮ੍ਰਿਤਸਰ ਸ਼ਹਿਰ ਦੇ ਤੁੰਗ ਢਾਬ ਡਰੇਨ ਦੀ ਸਾਫ਼ ਸਫ਼ਾਈ ਅਤੇ ਰੱਖ ਰਖਾਵ ਦਾ ਪ੍ਰਬੰਧ ਕਰਨਾ

***969 ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਸ਼ਹਿਰ ਦੇ ਤੁੰਗ ਢਾਬ ਡਰੇਨ ਦੀ ਸਾਫ਼ ਸਫ਼ਾਈ, ਇਸਦੇ ਰੱਖ ਰਖਾਵ ਅਤੇ ਇਸਦੇ ਵਿੱਚ ਗੰਦਾ ਪਾਣੀ ਨਾ ਜਾਵੇ ਇਸ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਸ੍ਰੀ ਮੁਕਤਸਰ ਸਾਹਿਬ ਦੇ ਸਿਵਲ ਹਸਪਤਾਲ ਦੀਆਂ ਖਾਲੀ ਆਸਾਮੀਆਂ ਭਰਨਾ

***972 ਸ. ਜਗਦੀਪ ਸਿੰਘ ਕਾਕਾ ਬਰਾੜ ( ਮੁਕਤਸਰ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਸ਼੍ਰੀ ਮੁਕਤਸਰ ਸਾਹਿਬ ਦੇ ਸਿਵਲ ਹਸਪਤਾਲ ਵਿੱਖੇ ਦੋ ਮੈਡੀਸਨ ਸਪੈਸ਼ਲਿਸਟ, ਇੱਕ ਜਰਨਲ ਸਰਜਨ, ਚਾਰ ਜਰਨਲ ਸਪੈਸ਼ਲਿਸਟ, ਇੱਕ ਟੀ.ਬੀ. ਅਤੇ ਚੈਸਟ, ਇੱਕ ਰੇਡਿਓਲੋਜਿਸਟ, ਚਾਰ ਬੱਚਿਆਂ ਦੇ ਮਾਹਿਰ ਡਾਕਟਰ, ਦਸ ਐਮਰਜੈਂਸੀ ਮੈਡੀਕਲ ਅਫਸਰ, ਇੱਕ ਈ.ਐਨ.ਟੀ. ਅਤੇ ਲਗਭਗ ਚੌਂਤੀ ਅਸਾਮੀਆਂ ਸਟਾਫ ਨਰਸ ਦੀਆਂ ਖਾਲ੍ਹੀ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਖਾਲ੍ਹੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

ਅ) ਇਸ ਹਸਪਤਾਲ ਦੀ ਅੱਪਗ੍ਰੇਡੇਸ਼ਨ ਨੂੰ ਹੋਰ ਕਿੰਨਾ ਸਮੇਂ ਲਗੇਗਾ ਅਤੇ ਕਿਹੜੀਆਂ-ਕਿਹੜੀਆਂ ਨਵੀਆਂ ਸਹੂਲਤਾਂ ਮਿਲ ਜਾਣਗੀਆਂ ?

----

**ਸਪੋਰਟਸ ਸਕੂਲ ਘੁੱਦਾ ਦਾ ਪੁਨਰ ਵਿਕਾਸ ਕਰਨਾ।**

***975 ਸ਼੍ਰੀ ਅਮਿਤ ਰਤਨ ਕੋਟਫੱਤਾ ( ਬਠਿੰਡਾ ਦਿਹਾਤੀ ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਪੋਰਟਸ ਸਕੂਲ, ਘੁੱਦਾ ਦੇ ਪੁਨਰਗਠਨ, ਰੱਖ-ਰਖਾਵ ਅਤੇ ਪੁਨਰ ਵਿਕਾਸ ਦੀ ਕੋਈ ਯੋਜਨਾ ਹੈ; ਜੇਕਰ ਹੈ ਤਾਂ ਇਸ ਲਈ ਫੰਡ ਕਦੋਂ ਤੱਕ ਜਾਰੀ ਕੀਤੇ ਜਾਣਗੇ;

ਅ) ਕੀ ਇਹ ਠੀਕ ਹੈ ਕਿ ਇਸ ਸਕੂਲ ਨੂੰ ਸਕੂਲ ਸਿੱਖਿਆ ਵਿਭਾਗ ਨੇ ਆਪਣੇ ਅਧੀਨ ਲੈ ਲਿਆ ਸੀ ਅਤੇ ਸਪੋਰਟਸ ਸਕੂਲ ਡਿਵੈਲਪਮੈਂਟ ਸੁਸਾਇਟੀ ਦੇ ਕੁਝ ਪੁਰਾਣੇ ਕਰਮਚਾਰੀਆਂ ਨੂੰ ਸਕੂਲ ਵਿੱਚ ਸ਼ਾਮਲ ਕਰ ਲਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਕਰਮਚਾਰੀਆਂ ਨੂੰ ਕਦੋਂ ਤੱਕ ਨਿਯਮਿਤ ਕਰ ਦਿੱਤਾ ਜਾਵੇਗਾ?

----

**ਬੋਲਾ-ਪਨਿਆਲੀ ਨਵੇਂ ਲਿੰਕ ਰੂਟ ਨੂੰ ਦੁਬਾਰਾ ਸ਼ੁਰੂ ਕਰਨਾ**

***979 ਸ. ਚਰਨਜੀਤ ਸਿੰਘ (ਚਮਕੌਰ ਸਾਹਿਬ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਹੀਦਾਂ ਦੀ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਧਾਰਮਿਕ ਅਸਥਾਨਾਂ ਦੀ ਯਾਤਰਾ ਲਈ ਆਉਂਦੇ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਬਣਾਏ ਜਾ ਰਹੇ ਬੇਲਾ-ਪਨਿਆਲੀ ਨਵਾਂ ਲਿੰਕ ਰੂਟ ਬੰਦ ਕਿਉਂ ਹੋ ਗਿਆ ਹੈ ਅਤੇ ਇਸ ਨੂੰ ਕਦੋਂ ਮੁੜ ਸ਼ੁਰੂ ਕੀਤਾ ਜਾਵੇਗਾ; ਕੀ ਸਰਕਾਰ ਇਸ ਕੰਮ ਨੂੰ ਟਾਈਮ ਬਾਉਂਡ ਕਰਨ ਦਾ ਵਿਚਾਰ ਰੱਖਦੀ ਹੈਂ; ਜੇਕਰ ਹਾਂ ਤਾਂ ਕਦੋਂ ਤੱਕ ਇਸ ਕੰਮ ਨੂੰ ਮੁਕੰਮਲ ਕਰ ਦਿੱਤਾ ਜਾਵੇਗਾ?

----

**ਸੁਜਾਨਪੁਰ ਵਿਖੇ ਨਵਾਂ ਬੱਸ ਸਟੈਂਡ ਬਣਾਉਣਾ**

*937 **ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੁਜਾਨਪੁਰ ਵਿਖੇ ਨਵਾਂ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

----

**ਹਲਕਾ ਬੁਢਲਾਡਾ ਦੇ ਪਿੰਡਾਂ ਦੇ ਟੁਟੇ ਸੂਏ ਅਤੇ ਖਾਲ ਦੁਬਾਰਾ ਬਣਾਉਣਾ।**

*987 **ਸ਼੍ਰੀ ਬੁੱਧ ਰਾਮ (ਬੁਢਲਾਡਾ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਸਾਲ ਆਏ ਹੜਾਂ ਕਾਰਨ ਹਲਕਾ ਬੁਢਲਾਡਾ ਦੇ ਪਿੰਡ ਬੀਰੇ ਵਾਲਾ ਡੋਗਰਾ, ਰਿਉਂਦ ਕਲਾਂ, ਰਿਊਦ ਖੁਰਦ, ਚੱਕ ਅਲੀ੍ਸ਼ੇਰ, ਭਾਣਾ, ਕੂਲਰੀਆਂ ਦੇ ਸੂਏ (Minors) ਅਤੇ ਖਾਲ ਟੁੱਟ ਗਏ ਸਨ; ਜੇਕਰ ਅਜਿਹਾ ਹੈ ਤਾਂ ਇਹਨਾਂ ਮਾਈਨਰਾਂ ਅਤੇ ਖਾਲਾਂ ਨੂੰ ਦੁਬਾਰਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

----

**ਹਲਕਾ ਰਾਜਸਾਂਸੀ ਦੇ ਅੱਪ-ਗ੍ਰੇਡ ਹੋਏ ਸਕੂਲਾਂ ਵਿੱਚ ਨਵੀਂਆਂ ਕਲਾਸਾਂ ਸ਼ੁਰੂ ਕਰਨਾ**

*947 **ਸ. ਸੁਖਬਿੰਦਰ ਸਿੰਘ ਸਰਕਾਰੀਆ (ਰਾਜਾ ਸਾਂਸੀ ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ** ਕੀ ਸਿੱਖਿਆ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2021ਦੌਰਾਨ ਹਲਕਾ ਰਾਜਸਾਂਸੀ ਅਧੀਨ ਜੋ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ 10+2 ਤੱਕ ਸਕੂਲ ਅੱਪ-ਗ੍ਰੇਡ ਕੀਤੇ ਗਏ ਸਨ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਕੀ ਇਨ੍ਹਾਂ ਅੱਪ-ਗ੍ਰੇਡ ਹੋਏ ਸਕੂਲਾਂ ਵਿੱਚ ਨਵੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਹਨ ਜਾਂ ਨਹੀਂ; ਵੇਰਵੇ ਸਹਿਤ ਦੱਸਿਆ ਜਾਵੇ?

----

**ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੋਪੜ ਦੀ ਮੁਰੰਮਤ ਤੇ ਹੋਏ ਖਰਚੇ ਦੇ ਵੇਰਵੇ।**

***983 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਲੋਕ ਨਿਰਮਾਣ, ਬਿਜਲੀ**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੋਪੜ ਦੇ ਮੌਜੂਦਾ ਯੂਨਿਟਾਂ ਦੀ ਮੁਰੰਮਤ, ਮੈਨਟੀਨੈਂਸ ਜਾਂ ਓਵਰਹਾਲਿੰਗ ਉਤੇ ਪਿਛਲੇ ਸਮੇਂ ਵਿਚ ਕਿੰਨਾ ਖਰਚ ਕੀਤਾ ਗਿਆ ਹੈ ਅਤੇ ਇਨ੍ਹਾਂ ਯੂਨਿਟਾਂ ਦੇ ਰਾਹੀਂ ਪ੍ਰੋਡਕਸ਼ਨਜ਼ ਵਿਚ ਕਿੰਨਾ ਵਾਧਾ ਹੋਇਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਹਲਕਾ ਰਾਮਪੁਰਾ ਫੂਲ ਵਿਖੇ ਮੈਡੀਕਲ ਕਾਲਜ ਬਣਾਉਣਾ**

***1006 ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਮਪੁਰਾ ਫੂਲ ਵਿਖੇ ਕੋਈ ਮੈਡੀਕਲ ਕਾਲਜ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਰਾਮਪੁਰਾ ਫੂਲ ਵਿਖੇ ਮੈਡੀਕਲ ਕਾਲਜ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

----

**ਅੰਗਹੀਣ ਵਿਅਕਤੀਆਂ ਦੀਆਂ ਬਦਲੀਆਂ/ਤੈਨਾਤੀਆਂ ਤੇ ਬਣੇ ਨਿਯਮਾਂ ਦੀ ਪਾਲਣਾ ਕਰਨਾ**

***1010 ਸ. ਗੁਰਪ੍ਰੀਤ ਸਿੰਘ ਬਨਾਂਵਲੀ ( ਸਰਦੂਲਗੜ੍ਹ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :-**

ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਅੰਗਹੀਣਾਂ ਦੀਆਂ ਬਦਲੀਆਂ/ਤੈਨਾਤੀਆਂ ਵਾਸਤੇ ਜੋ ਨਿਯਮ ਬਣੇ ਹਨ, ਕੀ ਉਨ੍ਹਾਂ ਨਿਯਮਾਂ ਦੀ ਪਾਲਣਾ ਸਖਤੀ

ਨਾਲ ਹੋ ਰਹੀ ਹੈ;

**ਅ)** ਜਿਨ੍ਹਾਂ ਅੰਗਹੀਣ ਵਿਅਕਤੀਆਂ ਦੀਆਂ ਨਿਯਮਾਂ ਅਨੁਸਾਰ ਬਦਲੀਆਂ/ਤੈਨਾਤੀਆਂ ਨਹੀਂ ਕੀਤੀਆਂ ਗਈਆਂ, ਕੀ ਉਨ੍ਹਾਂ ਅੰਗਹੀਣ ਵਿਅਕਤੀਆਂ ਦੀ ਸ਼ਿਕਾਇਤ ਆਉਣ ਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਅਧਿਕਾਰੀਆਂ ਤੇ ਕੋਈ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

**ੲ)** ਅੰਗਹੀਣ ਵਿਅਕਤੀਆਂ ਦੇ ਕੋਟੇ ਦੀਆਂ ਖਾਲੀ ਅਸਾਮੀਆਂ ਦਾ ਕਿਨ੍ਹਾਂ ਬੈਕਲਾਗ ਖਾਲੀ ਪਿਆ ਹੈ ਅਤੇ ਕੀ ਇਨ੍ਹਾਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸੂਬੇ ਵਿੱਚ ਦੁਧਾਰੂ ਘਰੇਲੂ ਅਤੇ ਵਪਾਰਕ ਪਸ਼ੂਆਂ ਲਈ ਬੀਮਾ ਯੋਜਨਾ ਸ਼ੁਰੂ ਕਰਨਾ

***999 ਸ਼੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**
ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸੂਬੇ ਵਿੱਚ ਦੁਧਾਰੂ ਘਰੇਲੂ ਅਤੇ ਵਪਾਰਕ ਪਸ਼ੂਆਂ ਲਈ ਕੋਈ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਸਾਲ 2022 ਤੋਂ ਹੁਣ ਤੱਕ ਕਿੰਨੇ ਲਾਭਪਾਤਰੀਆਂ ਨੂੰ ਇਸਦਾ ਲਾਭ ਦਿੱਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ;

**ਅ)** ਜੇਕਰ ਅਜਿਹੀ ਕੋਈ ਬੀਮਾ ਯੋਜਨਾ ਨਹੀਂ ਹੈ ਤਾਂ ਕੀ ਅਜਿਹੀ ਯੋਜਨਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

----

## ਦਸੂਹਾ ਦੇ ਪਿੰਡ ਸਧਾਣੀ ਨੂੰ ਜਾਣ ਲਈ ਨਵਾਂ ਰਸਤਾ ਬਣਾਉਣਾ

***1001 ਸ. ਕਰਮਬੀਰ ਸਿੰਘ (ਦਸੂਹਾ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਦੇ ਬਲਾਕ ਤਲਵਾੜਾ ਦੇ ਪਿੰਡ ਸਧਾਣੀ ਨੂੰ ਜਾਣ ਲਈ ਕੋਈ ਰਸਤਾ ਹੈ; ਜੇਕਰ ਹਾਂ ਤਾਂ ਉਹ ਰਸਤਾ ਕਿਸ ਸਾਈਡ ਤੋਂ ਹੈ ਅਤੇ ਜੇਕਰ ਨਹੀਂ ਹੈ ਤਾਂ ਇਥੇ ਨਵਾਂ ਰਸਤਾ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

----

## ਦੀਨਾਨਗਰ ਵਿਖੇ ਰੇਲਵੇ ਓਵਰ ਬ੍ਰਿਜ ਪ੍ਰੋਜੈਕਟ ਦੀ ਮੌਜੂਦਾ ਸਥਿਤੀ

***952 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):**

**ਲੋਕ ਨਿਰਮਾਣ, ਬਿਜਲੀ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਦੌਰਾਨ ਦੀਨਾਨਗਰ ਵਿਖੇ ਇੱਕ ਰੇਲਵੇ ਓਵਰ ਬ੍ਰਿਜ ਮਨਜ਼ੂਰ ਹੋਇਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ;

**ਅ)** ਉਪਰੋਕਤ ਓਵਰ ਬ੍ਰਿਜ ਨੂੰ ਮੁਕੰਮਲ ਕਰਨ ਦੀ ਸਮਾਂ-ਸੀਮਾ ਕੀ ਹੈ;

**ੲ)** ਕੀ ਉਪਰੋਕਤ ਵਰਣਿਤ ਓਵਰ ਬ੍ਰਿਜ ਦੀ ਉਸਾਰੀ ਵਿੱਚ ਕੋਈ ਦੇਰੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਇਸਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

----

## ਫਰੀਦਕੋਟ ਵਿਖੇ ਫਲਾਇੰਗ ਕਲੱਬ ਦੀ ਸਥਾਪਨਾ ਕਰਨਾ

***943 ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਮੁੱਖ ਮੰਤਰੀ**

ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ ਕੀ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (PIDB) ਦੀ 100ਵੀਂ ਕਾਰਜਕਾਰੀ ਕਮੇਟੀ ਦੀ ਮੀਟਿੰਗ ਜੋ ਕਿ ਮਿਤੀ 03-02-2011 ਨੂੰ ਹੋਈ ਸੀ ਦੇ ਏਜੰਡਾ ਨੰਬਰ 100.22 ਫਰੀਦਕੋਟ ਵਿਖੇ ਫਲਾਇੰਗ ਕਲੱਬ ਦੀ ਸਥਾਪਨਾ ਲਈ ਜਮੀਨ ਐਕੁਆਇਰ ਕਰਨ ਲਈ ਮੰਨਜ਼ੂਰ ਕਰ ਲਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਸਕੀਮ ਦਾ ਅੱਜ ਦਾ ਸਟੇਟਸ ਕੀ ਹੈ; ਇਹ ਸਕੀਮ ਕਦੋਂ ਤੱਕ ਨੇਪਰੇ ਚੜ ਸਕਦੀ ਹੈ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**
**ਵੀਰਵਾਰ 29 ਫਰਵਰੀ, 2024.** **ਸਕੱਤਰ**